**ਵਿਸ਼ਾ- ਪੰਜਾਬੀ** **ਜਮਾਤ- ਛੇਵੀਂ...**

# ਹੰਕਾਰੀ ਬਾਰਾਂਸਿੰਗਾ ( ਕਹਾਣੀ ਰਚਨਾ )



ਇਕ ਵਾਰ ਇਕ ਬਾਰਾਂਸਿੰਗਾ ਝੀਲ 'ਤੇ ਪਾਣੀ ਪੀਣ ਗਿਆ ਤਾਂ ਪਾਣੀ ਵਿਚ ਆਪਣੇ ਸਰੀਰ ਦਾ ਪਰਛਾਵਾਂ ਦੇਖ ਕੇ ਬਹੁਤ ਖੁਸ਼ ਹੋਇਆ ਤੇ ਪਰਮਾਤਮਾ ਦਾ ਸ਼ੁਕਰੀਆ ਅਦਾ ਕਰਨ ਲੱਗਾ। ਪਰਮਾਤਮਾ ਦਾ ਸ਼ੁਕਰੀਆ ਅਦਾ ਕਰਦਿਆਂ ਉਸ ਬਾਰਾਂਸਿੰਗੇ ਦੀ ਨਜ਼ਰ ਜਦੋਂ ਆਪਣੇ ਪੈਰਾਂ 'ਤੇ ਪਈ ਤਾਂ ਉਸ ਦਾ ਰੋਮ-ਰੋਮ ਦੁਖੀ ਹੋ ਗਿਆ ਤੇ ਬੋਲਿਆ, 'ਹੇ ਪਰਮਾਤਮਾ, ਮੈਂ ਤੇਰਾ ਕੀ ਵਿਗਾੜਿਆ ਸੀ, ਪੈਰ ਮੇਰੇ ਏਨੇ ਭੈੜੇ ਹਨ ਕਿ ਸਰੀਰ ਦੀ ਸੁੰਦਰਤਾ ਨੂੰ ਮਿੱਟੀ ਵਿਚ ਹੀ ਮਿਲਾ ਕੇ ਰੱਖ ਦਿੱਤਾ |' ਬਾਰਾਂਸਿੰਗਾ ਇਸ ਪਛਤਾਵੇ 'ਚ ਉੱਚੀ-ਉੱਚੀ ਰੋਣ ਲੱਗ ਪਿਆ |



ਅਚਾਨਕ ਉਸ ਨੇ ਕਾਫੀ ਦੂਰ ਜੰਗਲੀ ਖੂੰਖਾਰ ਕੁੱਤਿਆਂ ਦੀ ਆਵਾਜ਼ ਸੁਣੀ, ਜੋ ਉਸ ਵੱਲ ਭੱਜੇ ਆ ਰਹੇ ਸਨ | ਬਾਰਾਂਸਿੰਗਾ ਕੁੱਤਿਆਂ ਤੋਂ ਡਰਦਾ ਮਾਰਾ ਦੌੜ ਪਿਆ | ਉਹ ਕਾਫੀ ਦੂਰ ਨਿਕਲ ਗਿਆ ਪਰ ਅਚਾਨਕ ਉਸ ਦੇ ਸਿੰਗ ਝਾੜੀਆਂ ਵਿਚ ਫਸ ਗਏ |

ਉਹ ਬਥੇਰਾ ਜ਼ੋਰ ਲਾਵੇ ਕਿ ਉਸ ਦੇ ਸਿੰਗ ਝਾੜੀਆਂ 'ਚੋਂ ਨਿਕਲ ਜਾਣ ਤੇ ਉਹ ਭੱਜ ਕੇ ਆਪਣੀ ਜਾਨ ਬਚਾ ਸਕੇ ਪਰ ਹੁਣ ਸਮਾਂ ਬਹੁਤ ਹੋ ਗਿਆ ਸੀ ਤੇ ਉਸ ਦੇ ਲੱਖ ਕੋਸ਼ਿਸ ਕਰਦਿਆਂ ਸ਼ਿਕਾਰੀ ਕੁੱਤੇ ਉਸ ਦੇ ਸਰੀਰ 'ਤੇ ਟੁੱਟ ਪਏ ਤੇ ਪਲਾਂ ਵਿਚ ਹੀ ਉਸ ਦਾ ਸਰੀਰ ਬੁਰੀ ਤਰ੍ਹਾਂ ਫਾੜ ਦਿੱਤਾ | ਹੁਣ ਬਾਰਾਂਸਿੰਗੇ ਕੋਲ ਪਛਤਾਵੇ ਤੋਂ ਇਲਾਵਾ ਕੁਝ ਨਹੀਂ ਸੀ | ਉਹ ਆਪਣੇ-ਆਪ 'ਚ ਕਹਿਣ ਲੱਗਾ ਕਿ ਜਿਨ੍ਹਾਂ ਪੈਰਾਂ ਨੂੰ ਕਰੂਪ ਤੇ ਭੈੜਾ ਸਮਝ ਕੇ ਰੱਬ ਨੂੰ ਮਿਹਣਾ ਮਾਰਦਾ ਸੀ, ਉਨ੍ਹਾਂ ਨੇ

ਮੇਰੀ ਜਾਨ ਬਚਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਤੇ ਜਿਨ੍ਹਾਂ ਸਿੰਗਾਂ ਦੀ ਸੁੰਦਰਤਾ ਨੇ ਮੇਰੇ 'ਚ ਹੰਕਾਰ ਭਰ ਦਿੱਤਾ, ਉਨ੍ਹਾਂ ਕਰਕੇ ਹੀ ਮੇਰਾ ਇਹ ਹਾਲ ਹੋਇਆ ਹੈ | ਸੁੰਦਰ ਤਾਂ ਉਹ ਹੈ ਜੋ ਔਖੇ ਵੇਲੇ ਤੁਹਾਡੇ ਕੰਮ ਆਵੇ। ਜੋ ਚੀਜ਼ ਤੁਹਾਨੂੰ ਸੁੰਦਰ ਤੇ ਪਿਆਰੀ ਲਗਦੀ ਹੈ, ਉਹ ਕਦੇ ਵੀ ਧੋਖਾ ਦੇ ਸਕਦੀ ਹੈ।

**ਸਿੱਟਾ- ਕਦੀ ਵੀ ਕਿਸੇ ਚੀਜ਼ ਦਾ ਹੰਕਾਰ ਨਹੀਂ ਕਰਨਾ ਚਾਹੀਦਾ।**



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ- 7508727529★

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ ।